

# ਔਨਲਾਈਨ ਸੁਰੱਖਿਆ ਬਾਰੇ ਹਰ ਗੱਲਬਾਤ ਮਾਇਨੇ ਰੱਖਦੀ ਹੈ

Punjabi | ਪੰਜਾਬੀ

ਇੰਟਰਨੈੱਟ ਸਾਨੂੰ ਸੰਦੇਸ਼ਾਂ, ਲਾਈਵ ਵੀਡੀਓ ਚੈਟ ਰਾਹੀਂ ਅਤੇ ਇੱਥੋਂ ਤੱਕ ਕਿ ਔਨਲਾਈਨ ਗੇਮਾਂ ਖੇਡਣ ਦੁਆਰਾ ਸਥਾਨਕ ਅਤੇ ਵਿਦੇਸ਼ ਵਿੱਚ ਰਹਿੰਦੇ ਪਰਿਵਾਰ ਅਤੇ ਦੋਸਤਾਂ ਸਮੇਤ ਸੰਸਾਰ ਨਾਲ ਜੋੜਦਾ ਹੈ। ਔਨਲਾਈਨ ਹੋਣਾ ਸਕਾਰਾਤਮਕ ਅਤੇ ਮਜ਼ੇਦਾਰ ਹੋ ਸਕਦਾ ਹੈ ਅਤੇ ਬੱਚਿਆਂ ਅਤੇ ਯੁਵਾਵਾਂ ਨੂੰ ਸਿੱਖਣ ਅਤੇ ਦੂਜਿਆਂ ਨਾਲ ਜੁੜਨ ਵਿੱਚ ਮੱਦਦ ਕਰ ਸਕਦਾ ਹੈ। ਪਰ ਕਈ ਵਾਰ ਇਹ ਬੱਚਿਆਂ ਅਤੇ ਯੁਵਾਵਾਂ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ।


ਇਕੱਠੇ ਮਿਲ ਕੇ ਅਸੀਂ ਸਾਰੇ ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਕਰ ਸਕਦੇ ਹਾਂ। ਇਹ ਸਲਾਹ ਸ਼ੀਟ ਪਰਿਵਾਰਾਂ ਨੂੰ ਬੱਚਿਆਂ ਦੇ ਔਨਲਾਈਨ ਸ਼ੋਸ਼ਣ ਹੋਣ ਬਾਰੇ ਅਤੇ, ਸਮਰਥਨ ਅਤੇ ਸਹਾਇਤਾ ਪ੍ਰਾਪਤ ਕਰਨ ਬਾਰੇ ਹੋਰ ਜਾਣਨ ਵਿੱਚ ਮੱਦਦ ਕਰਦੀ ਹੈ।

eSafety ਕਮਿਸ਼ਨਰ (eSafety) ਅਤੇ ਆਸਟ੍ਰੇਲੀਅਨ ਫੈਡਰਲ ਪੁਲਿਸ ਦੀ ਅਗਵਾਈ ਵਾਲੇ ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲੇ ਆਸਟ੍ਰੇਲੀਆਈ ਕੇਂਦਰ (Australian Centre to Counter Child Exploitation) ਨੇ ਤੁਹਾਡੇ ਬੱਚੇ ਨੂੰ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਉਹਨਾਂ ਨਾਲ ਗੱਲਬਾਤ ਸ਼ੁਰੂ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਗੱਲਬਾਤ ਸ਼ੁਰੂਕਰਤਾ ਤਿਆਰ ਕੀਤੇ ਹਨ।

## ਔਨਲਾਈਨ ਬਾਲ ਸ਼ੋਸ਼ਣ ਕੀ ਹੈ?

ਔਨਲਾਈਨ ਬਾਲ ਸ਼ੋਸ਼ਣ ਕਿਸੇ ਬੱਚੇ ਨਾਲ ਦੁਰਵਿਵਹਾਰ ਕਰਨ ਲਈ, ਅਤੇ ਬਾਲ ਦੁਰਵਿਵਹਾਰ ਸਮੱਗਰੀ ਨੂੰ ਔਨਲਾਈਨ ਬਣਾਉਣ ਅਤੇ ਸਾਂਝਾ ਕਰਨ ਲਈ ਤਕਨਾਲੋਜੀ ਜਾਂ ਇੰਟਰਨੈੱਟ ਦੀ ਵਰਤੋਂ ਕਰਨਾ ਹੈ। ਇਸ ਕਿਸਮ ਦੀ ਦੁਰਵਰਤੋਂ ਇੱਕ ਅਸਲ ਅਤੇ ਵਧ ਰਹੀ ਚੁਣੌਤੀ ਹੈ।

ਬੱਚਿਆਂ ਜਾਂ ਯੁਵਾਵਾਂ ਨੂੰ ਬਿਨਾਂ ਕੱਪੜਿਆਂ ਦੇ ਆਪਣੀਆਂ ਫ਼ੋਟੋਆਂ ਜਾਂ ਵੀਡੀਓ ਭੇਜਣ ਲਈ ਝਾਂਸਾ ਦਿੱਤਾ ਜਾ ਸਕਦਾ ਹੈ ਜਾਂ ਬਲੈਕਮੇਲ ਕੀਤਾ ਜਾ ਸਕਦਾ ਹੈ। ਜਦੋਂ ਬੱਚਿਆਂ ਜਾਂ ਯੁਵਾਵਾਂ ਨੂੰ ਪੈਸੇ ਜਾਂ ਬਿਨਾਂ ਕੱਪੜਿਆਂ ਦੇ ਹੋਰ ਫ਼ੋਟੋਆਂ ਜਾਂ ਵੀਡੀਓ ਭੇਜਣ ਲਈ ਬਲੈਕਮੇਲ ਕੀਤਾ ਜਾਂਦਾ ਹੈ, ਤਾਂ ਇਸ ਨੂੰ 'ਜਿਨਸੀ ਵਸੂਲੀ' ਕਿਹਾ ਜਾਂਦਾ ਹੈ।




**ਮਾਮਲੇ 'ਦਾ ਅਧਿਐਨ**

ਇੱਕ 15 ਸਾਲਾ ਲੜਕਾ ਕਿਸੇ ਮੈਸੇਜਿੰਗ ਐਪ 'ਤੇ ਕਿਸੇ ਅਜਿਹੇ ਵਿਅਕਤੀ ਵੱਲੋਂ ਆਈ ਵੀਡੀਓ ਕਾਲ ਵਿੱਚ ਸ਼ਾਮਲ ਹੋਇਆ ਜਿਸ ਨੂੰ ਉਹ ਆਪਣੀ ਉਮਰ ਦਾ ਵਿਅਕਤੀ ਸਮਝਦਾ ਸੀ। ਇਸ ਲੜਕੇ ਨੂੰ ਬਿਨਾਂ ਕੱਪੜਿਆਂ ਦੇ ਆਪਣੀਆਂ ਤਸਵੀਰਾਂ ਭੇਜਣ ਲਈ ਝਾਂਸੇ ਵਿੱਚ ਲੈ ਲਿਆ ਗਿਆ ਅਤੇ ਦੂਜੇ ਵਿਅਕਤੀ ਨੇ ਉਸ ਦੇ ਪਰਿਵਾਰ ਨਾਲ ਤਸਵੀਰਾਂ ਸਾਂਝੀਆਂ ਕਰਨ ਦੀ ਧਮਕੀ ਦੇ ਕੇ ਪੈਸੇ ਲਈ ਲੜਕੇ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ।

*ਸਰੋਤ: ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲਾ ਆਸਟ੍ਰੇਲੀਆਈ ਕੇਂਦਰ*

ਔਨਲਾਈਨ ਬਾਲ ਸ਼ੋਸ਼ਣ ਦਾ ਅਨੁਭਵ ਕਰਨਾ ਹੁਣ ਅਤੇ ਭਵਿੱਖ ਵਿੱਚ ਬੱਚੇ ਅਤੇ ਯੁਵਾ ਵਿਅਕਤੀ ਦੀ ਮਾਨਸਿਕ ਸਿਹਤ ਅਤੇ ਭਲਾਈ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ, ਇਹ ਮਹੱਤਵਪੂਰਨ ਹੈ ਕਿ ਸਾਰੇ ਬੱਚਿਆਂ ਅਤੇ ਯੁਵਾਵਾਂ ਨੂੰ ਪਤਾ ਹੋਵੇ ਕਿ ਜੇਕਰ ਇਹ ਉਹਨਾਂ ਨਾਲ ਵਾਪਰਦਾ ਹੈ, ਤਾਂ ਇਹ ਉਹਨਾਂ ਦੀ ਗਲਤੀ ਨਹੀਂ ਹੈ ਅਤੇ ਉਹ ਸਮਰਥਨ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ।




## ਔਨਲਾਈਨ ਗਰੂਮਿੰਗ (ਭਰਮਾਉਣਾ) ਕੀ ਹੈ?

ਔਨਲਾਈਨ ਗਰੂਮਿੰਗ ਕਰਨਾ ਉਦੋਂ ਹੁੰਦਾ ਹੈ ਜਦੋਂ ਕੋਈ ਬਾਲਗ 16 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨਾਲ ਦੁਰਵਿਵਹਾਰ ਕਰਨ ਦੇ ਇਰਾਦੇ ਨਾਲ ਔਨਲਾਈਨ ਸੰਪਰਕ ਕਰਦਾ ਹੈ। ਇਹ ਅਪਰਾਧ ਉਦੋਂ ਵਾਪਰਦਾ ਹੈ ਜਦੋਂ ਅਪਰਾਧੀ ਬੱਚੇ ਜਾਂ ਯੁਵਾ ਵਿਅਕਤੀ ਨਾਲ ਗੱਲ ਕਰ ਰਿਹਾ ਹੁੰਦਾ ਹੈ, ਇਸ ਲਈ ਪੁਲਿਸ ਨੂੰ ਵਿੱਚ ਆਉਣ ਅਤੇ ਜਾਂਚ ਸ਼ੁਰੂ ਕਰਨ ਲਈ ਕਿਸੇ ਸਰੀਰਕ ਸੰਪਰਕ ਹੋਏ ਹੋਣ ਦੀ ਲੋੜ ਨਹੀਂ ਹੁੰਦੀ ਹੈ।

**ਮਾਮਲੇ 'ਦਾ ਅਧਿਐਨ**

ਇੱਕ 13 ਸਾਲ ਦੀ ਲੜਕੀ ਔਨਲਾਈਨ ਗੇਮ ਖੇਡ ਰਹੀ ਸੀ ਅਤੇ ਉਸ ਗੇਮ ਵਿੱਚ ਚੈਟ ਵਿੱਚ ਇੱਕ ਵਿਅਕਤੀ ਨਾਲ ਗੱਲ ਕਰ ਰਹੀ ਸੀ। ਉਸ ਵਿਅਕਤੀ ਨੇ ਉਸ ਲੜਕੀ ਨੂੰ ਆਪਣੇ ਨਾਲ ਕਿਸੇ ਹੋਰ ਪਲੇਟਫਾਰਮ 'ਤੇ ਗੱਲ ਕਰਦੇ ਰਹਿਣ ਲਈ ਗੱਲਾਂ ਵਿੱਚ ਲੈ ਲਿਆ ਅਤੇ ਫਿਰ ਉਸਨੂੰ ਬਿਨ੍ਹਾਂ ਕੱਪੜਿਆਂ ਦੇ ਆਪਣੀਆਂ ਕੁੱਝ ਕਰਦੇ  ਹੋਏ ਫ਼ੋਟੋਆਂ ਅਤੇ ਵੀਡੀਓ ਸਾਂਝੀਆਂ ਕਰਨ ਲਈ ਝਾਂਸੇ ਵਿੱਚ ਲੈ ਲਿਆ।

*ਸਰੋਤ: ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲਾ ਆਸਟ੍ਰੇਲੀਆਈ ਕੇਂਦਰ*



## ਜੇਕਰ ਕੋਈ ਬੱਚਾ ਦੁਰਵਿਵਹਾਰ ਦਾ ਅਨੁਭਵ ਕਰਦਾ ਹੈ ਤਾਂ ਉਸਦਾ ਸਮਰਥਨ ਕਰਨਾ

ਜੇਕਰ ਤੁਹਾਡਾ ਬੱਚਾ ਤੁਹਾਨੂੰ ਦੱਸਦਾ ਹੈ ਕਿ ਉਸ ਨਾਲ ਦੁਰਵਿਵਹਾਰ ਹੋਇਆ ਹੈ ਤਾਂ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ ਅਤੇ ਉਹਨਾਂ ਦਾ ਸਮਰਥਨ ਕਰਨ ਲਈ ਕਦਮ ਚੁੱਕੋ:

- ਆਪਣੇ ਬੱਚੇ ਨੂੰ ਦੋਸ਼ ਨਾ ਦਿਓ - ਉਸਨੇ ਕੁੱਝ ਵੀ ਗਲਤ ਨਹੀਂ ਕੀਤਾ ਹੈ
- ਯਕੀਨੀ ਬਣਾਓ ਕਿ ਉਹ ਸੁਰੱਖਿਅਤ ਹਨ
- ਉਨ੍ਹਾਂ ਨੂੰ ਸੁਣੋ ਅਤੇ ਗੱਲ 'ਤੇ ਵਿਸ਼ਵਾਸ ਕਰੋ
- ਸਕ੍ਰੀਨਸ਼ਾਟ, URL ਅਤੇ ਉਪਭੋਗਤਾ ਨਾਮ ਸਮੇਤ ਸਬੂਤ ਇਕੱਠੇ ਕਰੋ
- ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲੇ ਆਸਟ੍ਰੇਲੀਆਈ ਕੇਂਦਰ (Australian Centre to Counter Child Exploitation) ਨੂੰ ਰਿਪੋਰਟ ਕਰੋ ਅਤੇ ਆਪਣੇ ਬੱਚੇ ਲਈ ਸਹਾਇਤਾ ਪ੍ਰਾਪਤ ਕਰੋ

## ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲੇ ਆਸਟ੍ਰੇਲੀਆਈ ਕੇਂਦਰ (Australian Centre to Counter Child Exploitation) ਤੋਂ ਮੱਦਦ ਪ੍ਰਾਪਤ ਕਰਨਾ

ਜੇਕਰ ਤੁਸੀਂ ਆਸਟ੍ਰੇਲੀਆ ਵਿੱਚ ਹੋ ਅਤੇ ਬੱਚਾ **ਫੌਰੀ ਖ਼ਤਰੇ** ਵਿੱਚ ਹੈ, ਜਾਂ ਨੁਕਸਾਨ ਪਹੁੰਚਾਏ ਜਾਣ ਦੇ ਜ਼ੋਖਮ ਵਿੱਚ ਹੈ ਤਾਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ।

ਰਿਪੋਰਟ ਕਰਨ ਲਈ, ਇੱਥੇ ਜਾ ਕੇ ਔਨਲਾਈਨ ਫਾਰਮ ਭਰੋ

www.accce.gov.au/report

ਬਾਲ ਸ਼ੋਸ਼ਣ ਦਾ ਮੁਕਾਬਲਾ ਕਰਨ ਵਾਲੇ ਆਸਟ੍ਰੇਲੀਆਈ ਕੇਂਦਰ (Australian Centre to Counter Child Exploitation) ਨੂੰ ਕੀਤੀ ਗਈ ਤੁਹਾਡੀ ਰਿਪੋਰਟ ਨੂੰ ਆਸਟ੍ਰੇਲੀਅਨ ਫੈਡਰਲ ਪੁਲਿਸ ਵਿੱਚ ਕੰਮ ਕਰਦੇ ਮਾਹਿਰ ਜਾਂਚਕਰਤਾਵਾਂ ਦੁਆਰਾ ਦੇਖਿਆ ਜਾਵੇਗਾ। ਤੁਹਾਡੀ ਰਿਪੋਰਟ ਦਾ ਮੁਲਾਂਕਣ ਕੀਤੇ ਜਾਣ ਤੋਂ ਬਾਅਦ, ਕੀ ਹੋਇਆ ਹੈ ਇਸ ਬਾਰੇ ਗੱਲ ਕਰਨ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ, ਪੁਲਿਸ ਈਮੇਲ ਜਾਂ ਫ਼ੋਨ 'ਤੇ ਸੰਪਰਕ ਕਰੇਗੀ।

ਗੁੰਮਨਾਮ ਰੂਪ ਵਿੱਚ ਰਿਪੋਰਟ ਕਰਨ ਲਈ ਕ੍ਰਾਈਮ ਸਟੌਪਰਸ ਨੂੰ crimestoppers.com.au ਜਾਂ **1800 333 000** 'ਤੇ ਸੰਪਰਕ ਕਰੋ।

ਤੁਸੀਂ ਆਪਣੀ ਸਥਾਨਕ ਪੁਲਿਸ ਨਾਲ **131 444** 'ਤੇ ਵੀ ਸੰਪਰਕ ਕਰ ਸਕਦੇ ਹੋ।

## ਸਮੱਗਰੀ ਨੂੰ ਹਟਾਉਣ ਅਤੇ ਹੋਰ ਮੱਦਦ ਪ੍ਰਾਪਤ ਕਰਨ ਲਈ ਆਪਣੇ ਬੱਚੇ ਦਾ ਸਮਰਥਨ ਕਰੋ

eSafety ਸਮੱਗਰੀ ਨੂੰ ਹਟਾਉਣ ਅਤੇ ਹੋਰ ਸਹਾਇਤਾ ਅਤੇ ਸਲਾਹ ਪ੍ਰਦਾਨ ਕਰਨ ਵਿੱਚ ਮੱਦਦ ਕਰ ਸਕਦੀ ਹੈ। ਇੱਥੇ ਜਾ ਕੇ ਔਨਲਾਈਨ ਫਾਰਮ ਭਰ ਕੇ eSafety ਨੂੰ ਰਿਪੋਰਟ ਕਰੋ

www.eSafety.gov.au/report

ਗੇਮਾਂ, ਐਪ ਅਤੇ ਸੋਸ਼ਲ ਮੀਡੀਆ 'ਤੇ ਸੁਰੱਖਿਅਤ ਰਹਿਣ ਦੇ ਤਰੀਕੇ ਬਾਰੇ ਹੋਰ ਜਾਣਨ ਲਈ 'ਈ-ਸੁਰੱਖਿਆ ਗਾਈਡ' ਦੀ ਖੋਜ ਕਰੋ।

ਇੱਥੇ ਬਹੁਤ ਸਾਰੀਆਂ ਏਜੰਸੀਆਂ ਹਨ ਜੋ ਬੱਚਿਆਂ ਅਤੇ ਯੁਵਾਵਾਂ ਦੀ ਸਹਾਇਤਾ ਕਰਦੀਆਂ ਹਨ ਜਿਨ੍ਹਾਂ ਨੇ ਔਨਲਾਈਨ ਬਾਲ ਸ਼ੋਸ਼ਣ ਜਾਂ ਔਨਲਾਈਨ ਸ਼ੋਸ਼ਣ ਦਾ ਅਨੁਭਵ ਕੀਤਾ ਹੈ। ਇਹ accce.gov.au/help-and-support/who-can-help'ਤੇ ਸੂਚੀਬੱਧ ਹਨ।

## ਬਾਲ ਦੁਰਵਿਹਾਰ ਦੀ ਔਨਲਾਈਨ ਸਮੱਗਰੀ ਦੀ ਰਿਪੋਰਟ ਕਰਨਾ

ਬੱਚਿਆਂ ਦੀਆਂ ਸੁਝਾਊ ਜਾਂ ਅਸ਼ਲੀਲ ਤਸਵੀਰਾਂ ਦੇਖਣਾ, ਸਾਂਝਾ ਕਰਨਾ ਜਾਂ ਬਣਾਉਣਾ ਗੈਰ-ਕਾਨੂੰਨੀ ਹੈ। ਇਸ ਸਮੱਗਰੀ ਨੂੰ ਉਸ ਪਲੇਟਫਾਰਮ ਅਤੇ ਇੱਥੇ ਸਿੱਧੇ ਤੌਰ 'ਤੇ ਰਿਪੋਰਟ ਕੀਤਾ ਜਾ ਸਕਦਾ ਹੈ

www.eSafety.gov.au/report



## ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਹੈ

AFP ਦੇ ThinkUKnow ਪ੍ਰੋਗਰਾਮ ਵਿੱਚ ਔਨਲਾਈਨ ਬਾਲ ਸ਼ੋਸ਼ਣ ਨੂੰ ਰੋਕਣ ਲਈ ਪਰਿਵਾਰਾਂ ਅਤੇ ਬੱਚਿਆਂ ਲਈ ਬਹੁਤ ਸਾਰੇ ਸਰੋਤ ਹਨ। ਇਹ www.thinkuknow.org.au 'ਤੇ ਉਪਲਬਧ ਹਨ।

www.thinkuknow.org.au

eSafety ਕੋਲ ਔਨਲਾਈਨ ਸੁਰੱਖਿਆ ਬਾਰੇ ਪਰਿਵਾਰਾਂ ਅਤੇ ਬੱਚਿਆਂ ਲਈ ਬਹੁਤ ਸਾਰੇ ਸਰੋਤ ਅਤੇ ਮੁਫ਼ਤ ਵੈਬੀਨਾਰ ਹਨ। ਇਹ ਇੱਥੇ ਉਪਲਬਧ ਹਨ

www.eSafety.gov.au/parents